**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭੁਪਿੰਦਰ ਸਿੰਘ ਚਾਵਲਾ, (95920-17000)
ਪੁੱਤਰ ਸ਼੍ਰੀ ਮਨਿੰਦਰ ਸਿੰਘ ਚਾਵਲਾ,
ਚੈਂਬਰ ਨੰ:98 ਜ਼ਿਲ੍ਹਾ ਅਦਾਲਤ,
ਤਰਨਤਾਰਨ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਜਾਬੀ ਯੂਨੀਵਰਸਿਟੀ,
ਪਟਿਆਲਾ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 617/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਸ਼੍ਰੀ ਅਮਰਦੀਪ ਸਿੰਘ, ਐਡਵੋਕੇਟ (98149-00134)
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸੁਰਜਪ੍ਰੀਤ ਸਿੰਘ ਕੰਗ ਵਕੀਲ

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 23-02-2019 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਪੰਜਾਬੀ ਯੂਨੀਵਰਸਟੀ, ਪਟਿਆਲਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਸਾਲ 2012 ਵਿੱਚ ਸੋਬੀਆ ਅਨੰਦ ਪੁੱਤਰੀ ਅਸ਼ਵਨੀ ਕੁਮਾਰ ਅਨੰਦ ਵਾਸੀ ਅੰਮ੍ਰਿਤਸਰ ਵੱਲੋਂ ਬੀ.ਟੈਕ. (ਈ.ਸੀ.ਸੀ.) ਵਿੱਚ ਦਾਖਲਾ ਲੈਣ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ 15-07-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 20-08-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 17-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਜੀ.ਐਸ.ਵਿਰਕ, ਐਡਵੋਕੇਟ ਨੇ ਕਿਹਾ ਸੀ ਕਿ ਸ਼ਿਕਾਇਤਕਰਤਾ ਨੂੰ ਪਹਿਲਾਂ ਹੀ ਨੁਕਤਾਵਾਰ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਤਰ੍ਹਾਂ ਉੱਤਰਦਾਤਾ ਵੱਲੋਂ ਇਹ ਕੇਸ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ ਚੰਡੀਗੜ੍ਹ ਦੇ ਫੁੱਲ ਬੈਂਚ ਦੇ ਫੈਸਲੇ ਨੰ:461 ਆਫ 2010 ਤਹਿਤ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਗਈ ਸੀ। ਕਮਿਸ਼ਨ ਉੱਤਰਦਾਤਾ ਦੇ ਜਵਾਬ ਨਾਲ ਸਹਿਮਤ ਨਹੀਂ ਸੀ, ਹਾਜ਼ਰ ਉੱਤਰਦਾਤਾ ਇਸ ਸਬੰਧੀ ਸਥਿਤੀ ਸਪੱਸ਼ਟ ਨਹੀਂ ਕਰ ਸਕਿਆ ਅਤੇ ਉਸ ਵੱਲੋਂ ਸਮੇਂ ਦੀ ਮੰਗ ਕੀਤੀ ਗਈ ਸੀ। ਉੱਤਰਦਾਤਾ ਦੇ ਪੇਸ਼ੀ ਭੁਗਤ ਕੇ ਜਾਣ ਤੋਂ ਬਾਅਦ ਸ਼ਿਕਾਇਤਕਰਤਾ ਵੱਲੋਂ ਸ਼੍ਰੀ ਅਮਰਦੀਪ ਸਿੰਘ, ਐਡਵੋਕੇਟ ਨੇ ਹਾਜ਼ਰ ਹੋ ਕੇ ਦੱਸਿਆ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਮੁਕੰਮਲ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਸੀ। ਦੋਵਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਹਾਜ਼ਰ ਸ਼ਿਕਾਇਤ ਕਰਤਾ ਵਲੋਂ ਸ਼੍ਰੀ ਅਮਰਦੀਪ ਸਿੰਘ, ਵਕੀਲ ਵਲੋਂ ਅਥਾਰਟੀ ਲੈਟਰ ਪੇਸ਼ ਕੀਤਾ ਗਿਆ । ਉਸ ਵਲੋਂ ਦਸਿਆ ਗਿਆ ਕਿ ਦਿੱਤੀ ਗਈ ਸੂਚਨਾ ਅਧੂਰੀ ਹੈ। ਸ਼ਿਕਾਇਤਕਰਤਾ ਵਲੋਂ ਮੁੱਖ ਤੌਰ ਤੇ ਕਿਹਾ ਕਿ ਜੇਕਰ ਕਿਸੇ ਵਿਦਿਆਰਥੀ ਦਾ ਕਿਸੇ ਸਮੈਸਟਰ ਦਾ ਬਕਾਇਆ ਰਹਿੰਦਾ ਹੋਵੇ ਤਾਂ ਕੀ ਅਗਲੇ ਸਮੈਸਟਰ ਵਿਚ ਪੇਪਰ ਦੇ ਸਕਦਾ ਹੈ ਜਾਂ ਨਹੀਂ ਇਸ ਸਬੰਧੀ ਯੂਨੀਵਰਸਿਟੀ ਦੇ ਰੂਲਾਂ ਦਾ ਵੇਰਵਾ ਦਿੱਤਾ ਜਾਵੇ। ਸ਼ਕਾਇਤਕਰਤਾ ਵਲੋਂ ਮੰਗੀ ਗਈ ਸੂਚਨਾ ਉਤਰਦਾਤਾ ਵਲੌਂ ਪਹਿਲਾਂ ਹੀ ਮੁੱਹਈਆ ਕਰਵਾ ਦਿੱਤੀ ਗਈ ਹੈ।

4. ਉਤਰਦਾਤਾ ਲੋਕ ਸੂਚਨਾ ਅਧਿਕਾਰੀ ਵਲੌਂ ਹਾਜ਼ਰ ਸ੍ਰੀ ਸੁਰਜਪ੍ਰੀਤ ਸਿੰਘ ਕੰਗ ਵਕੀਲ ਵਲੋ ਹਲਫਿਆ ਬਿਆਨ ਪੇਸ਼ ਕੀਤਾ ਗਿਆ ਜੋ ਮਿਸਲ ਤੇ ਰੱਖ ਲਿਆ ਗਿਆ ਹੈ। ਉਤਰਦਾਤਾ ਵਲੋਂ ਦਸਿਆ ਗਿਆ ਕਿ ਬਣਦੀ ਸੂਚਨਾ ਪਹਿਲਾਂ ਹੀ ਸ਼ਿਕਾਇਤਕਰਤਾ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ।

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:** 617/2019

5. ਦੋਨਾਂ ਧਿਰਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਅਤੇ ਰਿਕਾਰਡ ਤੇ ਆਏ ਤੱਥਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਮੰਗੀ ਗਈ ਸੂਚਨਾ ਸਬੰਧੀ ਉਤਰਦਾਤਾ ਵਲੋਂ ਪਹਿਲਾਂ ਹੀ ਉੱਤਰ ਦਿੱਤਾ ਜਾ ਚੁੱਕਾ ਹੈ। ਕਾਰਵਾਈ ਦੋਰਾਨ ਇਹ ਤੱਥ ਸਾਹਮਣੇ ਆਇਆ ਕਿ ਸ਼ਿਕਾਇਤਕਰਤਾ ਵਲੋਂ ਜ਼ੋ ਸੂਚਨਾ ਮੰਗੀ ਗਈ ਜਾ ਰਹੀ ਹੈ ਉਸਦਾ ਸਬੰਧ ਨਾਂ ਤਾਂ ਸ਼ਿਕਾਇਤਕਰਤਾ ਨਾਲ ਹੈ ਅਤੇ ਨਾ ਹੀ ਕੋਈ ਲੋਕ ਹਿੱਤ ਹੈ। ਇਸ ਦਾ ਸਬੰਧ ਦਾਇਰ ਕੀਤੀ ਗਈ ਸ਼ਿਕਾਇਤ ਅਨੁਸਾਰ ਸੋਬੀਆ ਅਨੰਦ ਨਾਲ ਹੈ। ਇਸ ਤਰ੍ਹਾਂ ਸ਼ਿਕਾਇਤਕਰਤਾ ਵਲੋਂ ਜ਼ੋ ਸੂਚਨਾ ਦੀ ਮੰਗ ਕੀਤੀ ਗਈ ਹੈ ਉਹ ਉਸ ਨਾਲ ਸਬੰਧਤ ਨਾ ਹੋ ਕੇ ਕਿਸੇ ਦੂਜੇ ਵਿਅਕਤੀ ਨਾਲ ਹੈ ਜ਼ੋ ਆਪਣੇ ਪੱਧਰ ਤੇ ਸੂਚਨਾ ਦੀ ਮੰਗ ਕਰ ਸਕਦਾ ਸੀ। ਫਿਰ ਵੀ ਉਤਰਦਾਤਾ ਵਲੋਂ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਮੁੱਹਈਆ ਕਰਵਾਈ ਜਾ ਚੁੱਕੀ ਹੈ ਅਤੇ ਕਮਿਸ਼ਨ ਮੁਹੱਈਆ ਕਰਵਾਈ ਗਈ ਸੂਚਨਾ ਨਾਲ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ **ਦਾਇਰ ਕੀਤੀ ਗਈ ਸ਼ਿਕਾਇਤ ਦਾਖਲ ਦਫ਼ਤਰ** ਕੀਤੀ ਜਾਂਦੀ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਮਿਤੀ: ਚੰਡੀਗੜ੍ਹ,** 15 **ਅਕਤੂਬਰ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਅਨੁਰਾਗ ਗੁਪਤਾ, (79867-99578)
ਪੁੱਤਰ ਲੇਟ ਸ਼੍ਰੀ ਪ੍ਰੇਮ ਸਾਗਰ,
ਛੜਿਆਂ ਮੁਹੱਲਾ (Charrian Mohala) ,
ਰਾਜਾ ਰਾਮ ਗਲੀ ਸੁਨਾਮ ਜਿਲਾ ਸੰਗਰੂਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਸੁਨਾਮ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ,
ਪਟਿਆਲਾ।

ਸ਼੍ਰੀ ਸੰਜੈ ਬਾਂਸਲ, ਕਾਰਜ ਸਾਧਕ ਅਫਸਰ-ਕਮ-
ਲੋਕ ਸੂਚਨਾ ਅਧਿਕਾਰੀ, ਨਗਰ ਕੌਂਸਿਲ, ਸੁਨਾਮ ਜ਼ਿਲ੍ਹਾ ਸੰਗਰੂਰ। -------ਉੱਤਰਦਾਤਾ

**ਅਪੀਲ ਕੇਸ ਨੰ:1942/ 2019**

**ਹਾਜ਼ਰ:-**

1) ਸ਼੍ਰੀ ਅਨੁਰਾਗ ਗੁਪਤਾ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ), ਸ਼੍ਰੀ ਸੰਜੈ ਬਾਂਸਲ, ਕਾਰਜ ਸਾਧਕ ਅਫਸਰ-ਕਮ ਨਗਰ ਕੌਂਸਿਲ, ਸੁਨਾਮ ਜ਼ਿਲ੍ਹਾ ਸੰਗਰੂਰ।(97802-00721)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-01-2019, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਸੁਨਾਮ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਿਉਂਸਪੈਲਿਟੀ ਸੁਨਾਮ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-05-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਲਗਾਤਾਰ ਦੋ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ। ਇਸ ਕਰਕੇ ਸ਼੍ਰੀ ਸੰਜੈ ਬਾਂਸਲ, ਕਾਰਜ ਸਾਧਕ ਅਫਸਰ-ਕਮ-ਲੋਕ ਸੂਚਨਾ ਅਧਿਕਾਰੀ ਨਗਰ ਕੌਂਸਿਲ, ਸੁਨਾਮ, ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕਰਦੇ ਹੋਏ ਉਸ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 16-09-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ 16-09-2019 ਨੂੰ ਅਪੀਲਕਰਤਾ ਨੇ ਹਾਜ਼ਰ ਹੋ ਕੇ ਦੱਸਿਆ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ। ਇਸ ਲਈ

ਪਰਤੋ ਜੀ ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 1942 **ਆਫ** 2019

ਕਿਉਂਜੋ ਸ਼੍ਰੀ ਸੰਜੈ ਬਾਂਸਲ, ਕਾਰਜ ਸਾਧਕ ਅਫਸਰ-ਕਮ-ਲੋਕ ਸੂਚਨਾ ਅਧਿਕਾਰੀ ਨਗਰ ਕੌਂਸਿਲ, ਸੁਨਾਮ, ਪਿਛਲੀ ਮਿਤੀ ਨੂੰ ਮੁੜ ਹਾਜ਼ਰ ਨਹੀਂ ਹੋਏ ਅਤੇ ਨਾ ਹੀ ਉਨ੍ਹਾਂ ਵੱਲੋਂ ਕਾਰਨ-ਦੱਸੋ ਨੋਟਿਸ ਦਾ ਜਵਾਬ ਹੀ ਪੇਸ਼ ਕੀਤਾ ਗਿਆ।ਸਬੰਧਤ ਅਧਿਕਾਰੀ ਨੂੰ ਪੇਸ਼ੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਹਲਫੀਆ-ਬਿਆਨ ਰਾਹੀਂ ਕਾਰਨ-ਦੱਸੋ ਨੋਟਿਸ ਦਾ ਜਵਾਬ ਪ੍ਰੇਸ ਕਰਨ ਲਈ ਆਖਰੀ ਮੌਕਾ ਦਿੱਤਾ ਗਿਆ ਸੀ ਅਤੇ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

**3.** ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ, ਉਸ ਵਲੋਂ ਮੁੜ ਦੱਸਿਆ ਗਿਆ ਕਿ ਉੱਤਰਦਾਤਾ ਵਲੋਂ ਭੇਜੀ ਗਈ ਸੂਚਨਾ ਉਸਨੂੰ ਪ੍ਰਾਪਤ ਹੋ ਗਈ ਹੈ ਜ਼ੋ ਉਸਨੂ ਬਹੁਤ ਲੇਟ ਮਿਲੀ ਹੈ ਅਤੇ ਉਹ ਪ੍ਰਾਪਤ ਸੂਚਨਾ ਤੋਂ ਸੰਤੁਸਟ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀ ਸੰਜੇ ਕੁਮਾਰ ਅੱਜ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਨਗਰ ਕੋਂਸਲ , ਸੁਨਾਮ ਦੇ ਦਫਤਰ ਵੱਲੋਂ ਪੱਤਰ ਨੰ: 5113 ਮਿਤੀ 28-03-2019 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਦੇ ਨਾਲ ਹੀ ਸ੍ਰੀ ਸੰਜੇ ਕੁਮਾਰ ਲੋਕ ਸੂਚਨਾ ਅਧਿਕਾਰੀ ਵਲੋਂ ਅੱਜ ਪੇਸ਼ੀ ਦੋਰਾਨ ਹਲਫਿਆ ਬਿਆਨ ਮਿਤੀ 14-10-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਸਨੂੰ ਜ਼ਾਰੀ ਕਾਰਨ ਦਸੋ ਨੋਟਿਸ ਦੇ ਸਬੰਧ ਵਿਚ ਆਪਣਾ ਸਪੱਸ਼ਟੀਕਰਨ ਪੇਸ਼ ਕਰਦੇ ਹੋਏ ਦਸਿਆ ਗਿਆ ਕਿ ਪ੍ਰਾਰਥੀ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਮਿਤੀ 21-08-2019 ਨੂੰ ਸੁਣਵਾਈ ਤੇ ਹਾਜ਼ਰ ਨਾ ਹੋਣ ਬਾਰੇ ਉਤਰਦਾਤਾ ਵਲੋਂ ਆਪਣਾ ਸਪੱਸ਼ਟੀਕਰਨ ਵੀ ਦਿੱਤਾ ਗਿਆ ਹੈ ਜਿਸਨੂੰ ਪ੍ਰਵਾਨ ਕਰਦੇ ਹੋਏ ਜ਼ਾਰੀ ਕੀਤਾ ਗਿਆ ਕਾਰਨ ਦਸੋ ਨੋਟਿਸ ਦਾਖਲ ਕੀਤਾ ਜਾਂਦਾ ਹੈ।

5. ਦੋਹਾਂ ਧਿਰਾਂ ਵਲੋਂ ਆਹਮਣੇ ਸਾਹਮਣੇ ਹੋ ਕੇ ਦਸਿਆ ਗਿਆ ਕਿ ਉਤਰਦਾਤਾ ਵਲੋਂ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ ਅਤੇ ਅੱਜ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਵਲੋਂ ਵੀ ਪ੍ਰਾਪਤ ਸੂਚਨਾ ਤੇ ਜ਼ੋ ਉਸਨੂੰ ਮਿਤੀ 14-08-2019 ਨੂੰ ਪ੍ਰਾਪਤ ਹੋਈ ਸੀ, ਤੇ ਸੰਤੁਸ਼ਟੀ ਪ੍ਰਗਟ ਕੀਤੀ ਗਈ। ਇਸ ਤਰ੍ਹਾਂ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ **ਦਾਇਰ ਕੀਤੀ ਗਈ ਅਪੀਲ ਦਾਖਲ ਦਫ਼ਤਰ** ਕੀਤੀ ਜਾਂਦੀ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਮਿਤੀ: ਚੰਡੀਗੜ੍ਹ,** 15 **ਅਕਤੂਬਰ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਡੀ.ਐਸ. ਢਿੱਲੋ
192- ਸੀ, ਰਾਜਗੁਰੂ ਨਗਰ,
ਲੁਧਿਆਣਾ - 141012 -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਜੈਨਕੋ ਅਲੂਮਨੀ ਐਸੋਸ਼ਿਏਸ਼ਨ,
ਮਾਰਫਤ, ਗੁਰੂ ਨਾਨਕ ਦੇਵ ਇੰਜੀਨਿਅਰਿੰਗ ਕਾਲਿਜ,
ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ
ਦਫਤਰ ਜੈਨਕੋ ਅਲੂਮਨੀ ਐਸੋਸ਼ਿਏਸ਼ਨ,
ਮਾਰਫਤ, ਗੁਰੂ ਨਾਨਕ ਦੇਵ ਇੰਜੀਨਿਅਰਿੰਗ ਕਾਲਿਜ,
ਲੁਧਿਆਣਾ। -------ਉੱਤਰਦਾਤਾ

**ਅਪੀਲ ਕੇਸ ਨੰ: 2495/2019**

**ਹਾਜ਼ਰ:-**

1) ਅਪੀਲਕਰਤਾ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-03-2019, ਲੋਕ ਸੂਚਨਾ ਅਧਿਕਾਰੀ ਦਫਤਰ ਜੈਨਕੋ ਅਲੂਮਨੀ ਐਸੋਸ਼ਿਏਸ਼ਨ,ਮਾਰਫਤ, ਗੁਰੂ ਨਾਨਕ ਦੇਵ ਇੰਜੀਨਿਅਰਿੰਗ ਕਾਲਿਜ,ਲੁਧਿਆਣਾ, ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜੈਨਕੋ ਅਲੂਮਨੀ ਐਸੋਸ਼ਿਏਸ਼ਨ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 10-7-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 22-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 16-09-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਦੀ ਮਿਤੀ ਤੇ ਉੱਤਰਦਾਤਾ ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਪ੍ਰੰਤੂ ਲੋਕ ਸੂਚਨਾ ਅਧਿਕਾਰੀ ਵਲੋ ਆਪਣੇ ਪੱਤਰ ਨੰ: ਆਰ.ਟੀ.ਆਈ/04 ਮਿਤੀ 02-09-2019 ਜਿਸ ਦੀ ਕਾਪੀ ਅਪੀਲਕਰਤਾ ਨੂੰ ਵੀ ਭੇਜੀ ਹੋਈ ਹੈ, ਰਾਹੀ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਨ੍ਹਾਂ ਵਲੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਭੇਜੀ ਜਾ ਚੁੱਕੀ ਹੈ। ਪਿਛਲੀ ਮਿਤੀ ਤੇ ਅਪੀਲਕਰਤਾ ਵੀ ਪੇਸ਼ੀ ਤੇ ਹਾਜ਼ਰ ਨਹੀ ਸੀ ਹੋਇਆ ਅਤੇ ਨਾ ਹੀ ਨਾ ਹਾਜਰ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ।ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਉਤਰਦਾਤਾ ਪੇਸ਼ ਨਹੀਂ ਹੋਇਆ ਨਾਂ ਹੀ ਕੋਈ ਸੂਚਨਾ ਪ੍ਰਾਪਤ ਹੋਈ।

4. ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ। ਉਸ ਨੂੰ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਸਨੂੰ ਪਹਿਲਾਂ ਹੀ ਆਪਣੇ ਪੱਤਰ ਨੰ:ਜੀ.ਈ.ਐਨ.ਓ./01 ਮਿਤੀ 06-08-2019 ਰਾਹੀਂ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਸਬੰਧੀ ਉਨ੍ਹਾਂ ਵਲੋਂ ਆਪਣੇ ਪੱਤਰ ਨੰ: ਆਰ.ਟੀ.ਜੇ./04 ਮਿਤੀ 02-09-2019 ਰਾਹੀਂ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਗਿਆ ਹੈ। ਪੱਤਰ ਮਿਸਲ ਤੇ ਸੰਬੰਧਤ ਹੈ। ਇਸ ਲਈ ਉਸਨੂੰ ਕਿਹਾ ਗਿਆ ਕਿ ਜੇਕਰ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਕੋਈ ਤਰੱਟੀਆਂ ਪਾਈਆਂ ਜਾਣ ਤਾਂ ਲਿੱਖਤੀ ਰੂਪ ਵਿਚ ਲੋਕ ਸੂਚਨਾ ਅਧਿਕਾਰੀ ਨੂੰ ਤਰੁੱਟੀਆਂ ਨੋਟ ਕਰਵਾਏ ਅਤੇ ਉਸਦੀ ਜਾਣਕਾਰੀ ਕਮਿਸ਼ਨ ਨੂੰ ਦਿੱਤੀ ਜਾਵੇ।

5. ਅਪੀਲਕਰਤਾ ਵਲੋਂ ਕਮਿਸ਼ਨ ਨੂੰ ਕਿਹਾ ਗਿਆ ਕਿ ਜੇਕਰ ਕਮਿਸਨ ਵਲੋਂ ਉਸਦਾ ਇਕ ਹੋਰ ਕੇਸ ਅਪੀਲ ਨੰ: 3258/2019 ਜੋ ਕਿ ਮਿਤੀ 11-10-2019 ਬੰਦ ਕਰ ਦਿੱਤਾ ਗਿਆ ਹੈ ਤਾਂ ਇਹ ਕੇਸ ਵੀ ਬੰਦ ਕਰ ਦਿੱਤਾ ਜਾਵੇਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਕਮਿਸ਼ਨ ਵਲੋਂ ਇਸ ਸਬੰਧ ਅਪੀਲਕਰਤਾ ਨੂੰ ਇਹ ਬਿਆਨ ਲਿਖਤੀ ਰੂਪ ਦਰਜ ਕਰਾਉਣ ਲਈ ਕਿਹਾ ਗਿਆ ਪ੍ਰੰਤੂ ਉਸ ਨੇ ਅਜਿਹਾ ਨਹੀਂ ਕੀਤਾ ਇਸ ਤੋਂ ਸਪਸ਼ੱਟ ਹੈ ਕਿ ਅਪੀਲਕਰਤਾ ਇਹ ਜ਼ਾਰੀ ਨਹੀਂ ਰਖਣਾ ਚਾਹੁੰਦਾ ਅਤੇ ਨਾਂ ਹੀ ਉਹ ਵਿਭਾਗ ਦੇ ਉੱਤਰ ਤੇ ਤਰੁੱਟੀਆਂ ਨੋਟ ਕਰਵਾਉਣ ਵਿਚ ਚਾਹਵਾਣ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜ ਕ੍ਰਿਪਾਲ ਸਿੰਘ, (98152-43951, 887726-22551)
ਪਿੰਡ ਮੋਹਲਾਂ, ਡਾਕਖਾਨਾ ਅਲਾਮਵਾਲਾ,
ਤਹਿਸੀਲ ਮਲੋਟ, ਜਿਲਾ ਸ੍ਰੀ ਮੁਕਤਸਰ ਸਾਹਿਬ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜ) ਪੰਜਾਬ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਕੱਤਰ, ਉਚੇਰੀ ਸਿੱਖਆ,ਪੰਜਾਬ,
ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 2467/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਪਿਛਲੀ ਪੇਸ਼ੀ ਸਮੇਂ ਹਾਜ਼ਰ, ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਵੀ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਪੇਸ਼ੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।

3. ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉਨ੍ਹਾਂ ਦਾ ਅੱਜ ਪੇਸ਼ੀ ਵਿਚ ਹਾਜ਼ਰ ਹੋਣਾ ਬਣਦਾ ਸੀ।

4. ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੇਸ਼ੀ ਤੇ ਲਾਗਾਤਾਰ 2 ਪੇਸ਼ੀਆਂ ਤੇ ਹਾਜ਼ਰ ਨਾ ਹੋਣਾ ਅਤੇ ਨਾ ਹੀ ਆਪਣਾ ਕੋਈ ਨੁਮਾਇੰਦਾ ਭੇਜਣ ਬਾਰੇ ਆਪਣਾ ਸੱਪਸ਼ਟੀਕਰਨ ਦਿੱਤਾ ਜਾਵੇ। ਇਸ ਦੇ ਨਾਲ ਹੀ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।ਹੁਕੱਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਆਰ.ਟੀ.ਆਈ. ਐਕਟ ਤਹਿਤ ਅਗਲੀ ਕਾਰਵਾਈ ਅਰੰਭੀ ਜਾਵੇਗੀ। ਅਪੀਲਕਰਤਾ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਦੀ ਮਿਤੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।ਇਸ ਹਦਾਇਤ ਨਾਲ ਇਹ ਕੇਸ **ਅਗਲੀ ਮਿਤੀ 05-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਐਸ.ਪੀ. ਗੋਇਲ (9820239110)
2- ਸੀ, ਸਰਾਬਾ ਨਗਰ ,ਨਵ ਦੁਰਗਾ
ਮੰਦਰ/ ਗੁਰੂਦਵਾਰਾ ਰੋਡ, ਲੁਧਿਆਣਾ । ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪੰਜਾਬ ਸਮਾਲ ਸਕੇਲ ਇੰਡਸਟਰੀਜ ਐਂਡ ਐਕਸਪੋਰਟ
ਕਾਰਪੋਰੇਸ਼ਨ ਲਿਮਿਟਿਡ ਸੈਕਟਰ 17,ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 610/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ)ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ. (94634-90629)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 16-09-2019 ਨੂੰ ਸ਼ਿਕਾਇਤਕਰਤਾ ਹਾਜ਼ਰ ਨਹੀਂ ਸੀ ਹੋਇਆ, ਪ੍ਰੰਤੂ ਉਸ ਵਲੋਂ ਆਪਣੇ ਪੱਤਰ ਨੰ: ਐਸ-1367 (Q ) (1) /JS /1624 ਮਿਤੀ 29-08-2019 ਰਾਹੀਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਸ ਕੇਸ ਦੀ ਸੁਣਵਾਈ ਵੀਡਿਓ ਕਾਂਨਫਰੰਸ ਰਾਹੀਂ ਕਰਨ ਦੀ ਬੇਨਤੀ ਕੀਤੀ ਗਈ।ਉਸ ਨੂੰ ਸਪਸ਼ਟ ਕੀਤਾ ਗਿਆ ਸੀ ਕਿ ਇਹ ਮਾਮਲਾ ਵੀਡਿਓ ਕਾਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਨੂੰ ਖ਼ੁੱਦ ਜਾਂ ਆਪਣੇ ਕਿਸੇ ਅਧਿਕਾਰਿਤ ਨੁਮਾਇੰਦੇ ਰਾਹੀਂ ਕਮਿਸ਼ਨ ਵਿਖੇ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਹੀ ਭੇਜੀ ਗਈ ਸੀ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ ਅਰਜ਼ੀ ਮੁਤਾਬਿਕ ਆਰ.ਟੀ.ਐਕਟ, 2005, ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾ ਕੇ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

2. ਅੱਜ ਫਿਰ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਸੀ ਹੋਇਆ, ਪ੍ਰੰਤੂ ਉਸ ਵਲੋਂ ਈ.ਮੇਲ. ਰਾਹੀਂ ਆਪਣੇ ਪੱਤਰ ਨੰ: ਐਸ-1367 (Q ) (1) /JS /1664 ਮਿਤੀ 14-10-2019 ਰਾਹੀਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਦਸਿਆ ਗਿਆ ਕਿ ਉਤਰਦਾਤਾ ਵਲੋਂ ਜਾਣਬੁਝ ਕੇ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ ਇਸ ਲਈ ਉਨ੍ਹਾਂ ਨੂੰ 25,000/- ਹਰਜ਼ਾਨਾ ਪਾਇਆ ਜਾਵੇ। ਉਸ ਵਲੋਂ ਇਹ ਵੀ ਦਸਿਆ ਗਿਆ ਕਿ ਸਬੰਧਤਾਂ ਨੂ ਲੀਗਲ ਨੋਟਿਸ ਵੀ ਦਿੱਤਾ ਗਿਆ ਹੈ। ਇਹ ਪੱਤਰ ਕਮਿਸ਼ਨ ਨੂੰ ਸੰਬੋਧਤ ਹੈ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

3. ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੁਰੇਸ਼ ਕੁਮਾਰ, ਐਸ.ਓ ਹਾਜ਼ਰ ਹੋਇਆ। ਉਸ ਵਲੋਂ ਲੋਕ ਸੂਚਨਾ ਅਧਿਕਾਰੀ ਵਲੋਂ ਲਿਖਿਆ ਪੱਤਰ ਨੰ: ਪੀ.ਐਸ.ਆਈ.ਈ.ਸੀ./ਆਰ.ਟੀ.ਆਈ/ਪੀ.ਆਈ.ਓ/31615 ਮਿਤੀ 14-10-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਨ੍ਹਾਂ ਵਲੋਂ ਮਿਤੀ 09-10-2019 ਨੂੰ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਗਈ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਸ਼ਿਕਾਇਤਕਰਤਾ ਵਲੋਂ ਮਿਤੀ 24-05-2019 ਨੂੰ ਮਹਿਕਮੇ ਨੂੰ ਅਰਜ਼ੀ ਦਿੱਤੀ ਸੀ ਜਿਸਦਾ ਉਤਰ ਉਨ੍ਹਾਂ ਵਲੋਂ ਮਿਤੀ 09-10-2019 ਨੂੰ ਦਿੱਤਾ ਗਿਆ। ਜਦੋਂ ਅੱਜ ਪੇਸ਼ੀ ਤੇ ਹਾਜ਼ਰ ਉਤਰਦਾਤਾ ਨੂੰ ਪੁਛਿਆ ਗਿਆ ਕਿ ਵਿਸਥਾਰਪੂਰਵਕ ਦਸੋ ਕਿ ਮਿਤੀ 24-05-2019 ਤੋਂ ਬਾਅਦ ਪਹਿਲਾਂ ਪੱਤਰ ਸ਼ਿਕਾਇਤਕਰਤਾ ਨੂੰ ਕਦੋਂ ਲਿਖਿਆ ਅਤੇ ਅਗਰ ਕੋਈ ਹੋਰ ਪੱਤਰ ਪ੍ਰਾਪਤ ਹੋਇਆ ਤਾਂ ਉਸਦਾ ਉੱਤਰ ਕਦੋਂ ਦਿੱਤਾ ਗਿਆ ਅਤੇ ਜੇਕਰ ਇਹ ਪਹਿਲਾ ਪੱਤਰ ਹੈ ਤਾਂ ਉੱਤਰ ਲੇਟ ਕਿਉਂ ਦਿੱਤਾ ਗਿਆ ਸਬੰਧੀ ਸਪਸਟੀਕਰਨ ਦਿੱਤਾ ਜਾਵੇ। ਇਸ ਦੇ ਨਾਲ ਹੀ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਦੋਨਾਂ ਧਿਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਰੁਣ ਗੋਇਲ, (94638-86161)
ਮਕਾਨ ਨੰ:1188 ਕ੍ਰਿਸ਼ਨਾ ਨਗਰ,
ਰੇਲਵੇ ਰੋਡ ਜਗਰਾਓਂ, ਜ਼ਿਲ੍ਹਾ ਲੁਧਿਆਣਾ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਖਾਲਸਾ ਕਾਲਿਜ ਫਾਰ ਵੂਮੈਂਨ,
ਸਿਧਵਾਂ ਖੁਰਦ, ਜ਼ਿਲ੍ਹਾ ਲੁਧਿਆਣਾ। --------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 521/2019**

**ਹਾਜ਼ਰ:-**

1) ਸ਼੍ਰੀ ਵਰੁਣ ਗੋਇਲ, ਸ਼ਿਕਾਇਤਕਰਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਐਸ.ਕੇ. ਸੰਧੀਰ, ਐਡਵੋਕੇਟ (94171-85551, 99149-85551)

**ਹੁੱਕਮ:**

ਪਿੱਛਲੀ ਪੇਸ਼ੀ, ਮਿਤੀ 10-09-2019 ਨੂੰ ਪੇਸ਼ੀ ਸਮੇਂ ਦੋਵਾਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਐਸ.ਕੇ. ਸੰਧੀਰ, ਐਡਵੋਕੇਟ ਨੇ ਆਪਣਾ ਜਵਾਬ, ਮਿਤੀ 10-09-2019 ਪੇਸ਼ ਕਰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਆਰ.ਟੀ.ਆਈ. ਐਕਟ ਤਹਿਤ ਬਣਦੀ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉਸ ਨੇ ਇਸ ਸਬੰਧੀ ਕਿਹਾ ਕਿ ਉਹ ਕੇਵਲ ਨੁਕਤਾ ਨੰ:1,2 ਅਤੇ 3 ਸਬੰਧੀ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਬਾਕੀ ਨੁਕਤਿਆਂ ਬਾਰੇ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਨੁਕਤਾ ਨੰ:5 ਅਤੇ 6 ਬਾਰੇ ਸੂਚਨਾ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬ਼ਖਸ਼ ਪਾਇਆ ਗਿਆ ਹੈ। ਨੁਕਤਾ ਨੰ:4 ਅਨੁਸਾਰ ਮੰਗੀ ਗਈ ਸੂਚਨਾ ਵਿਅਰਥ (Vague) ਹੈ, ਇਸ ਨੁਕਤੇ ਬਾਰੇ ਸ਼ਿਕਾਇਤਕਰਤਾ ਨੂੰ ਆਪਣਾ ਜਵਾਬ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਇਹ ਸਪੱਸ਼ਟ ਕੀਤਾ ਜਾਵੇ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਪ੍ਰਾਪਤ ਹੋਣ ਉਪਰੰਤ ਉਸ ਨੂੰ ਸਭ ਤੋਂ ਪਹਿਲਾ ਪੱਤਰ ਕਦੋਂ ਲਿਖਿਆ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਪੇਸ਼ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਹ ਦਿੱਤੇ ਗਏ ਉਤਰ ਤੋਂ ਸੰਤੁਸ਼ਟ ਨਹ਼ੀਂ ਹੈ।

3. ਉੱਤਰਦਾਤਾ ਵਲੋਂ ਪੇਸ਼ ਸ਼੍ਰੀ ਐਸ.ਕੇ. ਸੰਧੀਰ, ਐਡਵੋਕੇਟ ਵਲੋਂ ਦਸਿਆ ਗਿਆ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਸ਼ਿਕਾਇਤਕਰਤਾ ਨੂੰ ਪਹਿਲਾਂ ਹੀ ਉੱਤਰ ਦਿੱਤਾ ਜਾ ਚੁੱਕਾ ਹੈ। ਜਦੋਂ ਉਸਨੂੰ ਪੁਛਿਆ ਗਿਆ ਕਿ ਸ਼ਿਕਾਇਤਕਰਤਾ ਵਲੋਂ ਅਰਜੀ ਮਿਤੀ 25-03-2019 ਨੂੰ ਪਾਈ ਸੀ ਇਸ ਤੋਂ ਬਾਅਦ ਪਹਿਲਾ ਪੱਤਰ ਕਦੋਂ ਲਿਖਿਆ ਗਿਆ ਸਪੱਸਟ ਨਹੀਂ ਕਰ ਸਕਿਆ ਅਤੇ ਨਾ ਹੀ ਉੱਤਰ ਠੀਕ ਪੇਸ਼ ਕੀਤਾ ਗਿਆ ਹੈ। ਪਿਛਲੀ ਮਿਤੀ ਤੇ ਹਦਾਇਤ ਕੀਤੀ ਗਈ ਸੀ ਇਸ ਸਬੰਧੀ ਵਿਸਥਾਰਪੂਰਵਕ ਉੱਤਰ ਦਿੱਤਾ ਜਾਵੇ। ਪਰ ਜਾਪਦਾ ਹੈ ਉਨ੍ਹਾਂ ਦੇ ਵਕੀਲ ਵਲੋਂ ਮਹਿਕਮੇ ਨੂੰ ਪਹਿਲਾਂ ਹੋਏ ਹੁਕੱਮਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਅਗਲੀ ਪੇਸ਼ੀ ਦੀ ਮਿਤੀ ਤੇ ਨਿੱਜੀ ਪੱਧਰ ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੱਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 06/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭਾਰਤ ਭੂਸ਼ਨ ਸ਼ਰਮਾ, (98032-44555)
ਪੁੱਤਰ ਲੇਟ ਸ਼੍ਰੀ ਸੋਹਣ ਲਾਲ ਸ੍ਰਮਾ,
ਮਕਾਨ ਨੰ:435, ਸੈਕਟਰ -27,
ਪੰਚਕੂਲਾ-134116। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ ਆਫ ਪੁਲਿਸ,
ਰੂਪਨਗਰ। --------ਉੱਤਰਦਾਤਾ

**ਅਪੀਲ ਕੇਸ ਨੰ:2066 /2019**

**ਹਾਜ਼ਰ:-**

1) ਸ਼੍ਰੀ ਭਾਰਤ ਭੂਸ਼ਨ ਸ਼ਰਮਾ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸੁਰਿੰਦਰ ਸਿੰਘ, ਹੈੱਡ ਕੰਸਟੇਬਲ,(88473-93399) ਥਾਣਾ ਸਿਟੀ, ਖਰੜ।

**ਹੁੱਕਮ:**

ਪਿਛਲੀ ਮਿਤੀ 09-10-2019 ਨੂੰ ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਸਟੇਬਲ ਪੇਸ਼ ਹੋਇਆ। ਉਸ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਆਖਰੀ ਮੌਕਾ ਦਿੰਦੇ ਹੋਏ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਤੇ ਸਮੇਂ-ਸਮੇਂ ਤੇ ਕੀਤੀ ਗਈ ਕਾਰਵਾਈ ਬਾਰੇ ਵਿਸਥਾਰ-ਪੂਰਵਕ ਮਿਤੀ-ਵਾਰ ਜਵਾਬ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਈ ਸੀ।

2. ਅੱਜ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ।

3. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਸਟੇਬਲ ਪੇਸ਼ ਹੋਇਆ। ਉਸ ਵਲੋਂ ਜ਼ੋ ਜਵਾਬ ਲਿਆਂਦਾ ਗਿਆ ਸੀ ਮੁਕੰਮਲ ਨਹੀਂ ਸੀ। ਉੱਤਰ ਤਸਲੀਬਖਸ਼ ਨਾ ਹੋਣ ਕਾਰਨ ਕਮਿਸ਼ਨ ਵਲੋਂ ਸੰਤੁਸ਼ਟੀ ਨਹੀਂ ਪ੍ਰਗਟਾਈ ਗਈ । ਉੱਤਰਦਾਤਾ ਵਲੋਂ ਹੋਰ ਸਮੇ ਦੀ ਮੰਗ ਕੀਤੀ ਗਈ ਕਮਿਸ਼ਨ ਵਲੋਂ ਉਤਰਦਾਤਾ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਆਖਰੀ ਮੌਕਾ ਦਿੱਤਾ ਜਾਂਦਾ ਹੈ, ਅਗਲੀ ਪੇਸ਼ੀ ਦੀ ਮਿਤੀ ਤੇ ਹਰ ਹਾਲਤ ਵਿਚ ਬਣਦੀ ਸੂਚਨਾ ਮੁਹੱਈਆ ਕਰਵਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹਰਿੰਦਰ ਕੌਰ ਪੁੱਤਰੀ ਸ੍ਰੀ ਮਹਿੰਦਰ ਸਿੰਘ 8437335619
ਪਿੰਡ ਤੇ ਡਾਕਖਾਨਾ ਕਾਤਰੋ (ਪੱਤੀ ਕਿਲ੍ਹਾ)
ਤਹਿਸੀਲ ਧੂਰੀ ਜ਼ਿਲਾ ਸੰਗਰੂਰ -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਕਮ
ਪੰਜਾਬ ਲੈਂਡ ਰਿਕਾਰਡ ਸੁਸਾਇਟੀ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ ਕਮ
ਡਿਪਟੀ ਕਮਿਸ਼ਨਰ, ,ਸੰਗਰੂਰ। -------ਉੱਤਰਦਾਤਾ

ਅਪੀਲ ਕੇਸ ਨੰ 3084/2019

ਹਾਜ਼ਰ:-

1) ਅਪੀਲਕਰਤਾ ਵਲੋਂ ਸ੍ਰੀ ਜਗਵਿੰਦਰ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਕਾਸ ਏ.ਐਸ.ਐਮ. (80541-02009)

ਹੁੱਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-04-2019, ਪੰਜਾਬ ਲੈਂਡ ਰਿਕਾਰਡ ਸੁਸਾਇਟੀ , ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਰਵਿੰਦਰ ਕੋਰ, ਪੁੱਤਰੀ ਸ੍ਰੀ ਚਮਕੋਰ ਸਿੰਘ, ਵਾਸੀ ਪਿੰਡ ਬਨਭੋਰੀ, ਮਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਨਾਲ ਸਬੰਧਤ 10 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 06-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਵਲੋਂ ਸ੍ਰੀ ਜਗਵਿੰਦਰ ਸਿੰਘ ਹਾਜ਼ਰ ਹੋਇਆ । ਉਸ ਵਲੋਂ ਦਸਿਆ ਗਿਆ ਉੱਤਰਦਾਤਾ ਵਲੋਂ ਅੱਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਕਾਸ ਏ.ਐਸ.ਐਮ. ਹਾਜ਼ਰ ਹੋਇਆ। ਉੱਤਰਦਾਤਾ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਪਹਿਲਾਂ ਹੀ ਲੋਕ ਸੂਚਨਾ ਅਧਿਕਾਰੀ ਵਲੋਂ ਆਪਣੇ ਪੱਤਰ ਨੰ: 159/ਪੀ.ਐਲ.ਆਰ.ਐਸ. ਮਿਤੀ 22-05-2019 ਰਾਹੀਂ ਮੁਹੱਈਆ ਕਰਵਾਈ ਜਾ ਚੁੱਕੀ ਹੈ।

4. ਅੱਜ ਪੇਸ਼ੀ ਤੇ ਹਾਜ਼ਰ ਉੱਤਰਦਾਤਾ ਵਲੋਂ ਪੇਸ਼ ਕੀਤਾ ਗਿਆ ਉਤਰ ਘੋਖਣ ਤੇ ਪਾਇਆ ਗਿਆ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਪਹਿਲਾ ਹੀ ਉਕਤ ਪੱਤਰ ਮਿਤੀ 22-05-2019 ਜ਼ੋ ਕਿ ਮਿਸਲ ਤੇ ਉਪਲਬਧ ਹੈ ਅਨੁਸਾਰ ਦੱਸਿਆ ਗਿਆ ਕਿ ਮੰਗੀ ਗਈ ਸੂਚਨਾ ਦਾ ਸਬੰਧ ਉਨ੍ਹਾਂ ਦੇ ਦਫਤਰ ਦੀ ਕਰਮਚਾਰਨ ਸ੍ਰੀਮਤੀ ਰਵਿੰਦਰ ਕੌਰ ਦੀ ਨਿੱਜੀ ਜਾਣਕਾਰੀ ਨਾਲ ਹੋਣ ਕਾਰਨ, ਆਪਣੇ ਪੱਤਰ ਨੰ: 149/ਪੀ.ਐਲ.ਆਰ.ਐਸ, ਮਿਤੀ 15-05-2019 ਰਾਹੀਂ ਜਾਣਕਾਰੀ ਦੇਣ ਜਾਂ ਨਾ ਦੇਣ ਸਬੰਧੀ ਪੁੱਛਿਆ ਗਿਆ ਸੀ। ਉਨ੍ਹਾਂ ਵਲੋਂ ਲਿਖਿਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਜਾਣਕਾਰੀ ਉਨ੍ਹਰੁਾਂ ਦੀ ਨਿੱਜੀ ਜਾਣਕਾਰੀ ਹੈ ਅਤੇ ਉਹ ਇਹ ਜਾਣਕਾਰੀ ਦੇਣਾ ਨਹੀਂ ਚਾਹੰਦੇ। ਇਸ ਲਈ ਅਪੀਲਕਰਤਾ ਨੂੰ ਮੰਗੀ ਗਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਉੱਤਰਦਾਤਾ ਵਲੋਂ ਦਸਿਆ ਗਿਆ ਕਿ ਇਸ ਸਬੰਧ ਵਿਚ ਕੋਰਟ ਕੇਸ ਵੀ ਚਲ ਰਿਹਾ ਹੈ। ਇਸ ਅਪੀਲ ਰਾਹੀਂ ਸ੍ਰੀ ਜਗਵਿੰਦਰ ਸਿੰਘ ਵਲੋਂ ਆਪਣੀ ਭੈਣ ਦੀ ਤਰਫੋਂ ਆਪਣੀ ਪਤਨੀ ਬਾਰੇ ਸੂਚਨਾ ਮੰਗੀ ਹੈ, ਇਸ ਤਰ੍ਹਾਂ ਅਪੀਲਕਰਤਾ ਵਲੋਂ ਜ਼ੋ ਜਾਣਕਾਰੀ ਮੰਗੀ ਗਈ ਹੈ ਜ਼ੋ ਕਿ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। । ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਅਨਿਲ ਕੁਮਾਰ ਪੁੱਤਰ ਦੇਵੀ ਚੰਦ
ਪਿੰਡ ਨਾਨੋਵਾਲ ਬੇਟ ਤਹਿਸੀਲ ਬਲਾਚੋਰ,
ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ ਜ਼ਿਲ੍ਹਾ ਚੋਣ ਅਫਸਰ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਇਲੈਕਸ਼ਨ ਅਫਸਰ
ਸ਼ਹੀਦ ਭਗਤ ਸਿੰਘ ਨਗਰ। -----ਉੱਤਰਦਾਤਾ

ਅਪੀਲ ਕੇਸ ਨੰ 3085/2019

ਹਾਜ਼ਰ:-

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਕਮਲਜੀਤ ਸਿੰਘ, ਕਲਰਕ (97808-20091)ਅਤੇ ਸ੍ਰੀ ਨਰਿੰਦਰ ਕੁਮਾਰ ਕਲਰਕ, (95786-06162)

ਹੁਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-04-2019, **ਦਫਤਰ ਜ਼ਿਲ੍ਹਾ ਚੋਣ ਅਫਸਰ ਸ਼ਹੀਦ ਭਗਤ ਸਿੰਘ ਨਗਰ** ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਚੋਣ ਵਿਭਾਗ ਤੋਂ ਪਿੰਡ ਨੈਨੋਵਾਲ (ਹਦਬਸਤ 453) ਦੇ ਮੌਜੂਦਾ ਸਰਪੰਚ ਦੇ ਵੋਟਰ ਕਾਰਡ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 15-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਹੀ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਕਮਲਜੀਤ ਸਿੰਘ, ਕਲਰਕ ਅਤੇ ਸ੍ਰੀ ਨਰਿੰਦਰ ਕੁਮਾਰ ਕਲਰਕ, ਹਾਜ਼ਰ ਹੋਏ ਉਨ੍ਹਾਂ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਸੂਚਨਾ ਪਹਿਲਾਂ ਹੀ ਮੁਹੱਈਆ ਕਰਵਾਈ ਜਾ ਚੁੱਕੀ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਆਪਣੇ ਪੱਤਰ ਨੰ: 373/ਆਰ.ਟੀ.ਆਈ. ਮਿਤੀ 19-09-2019 ਰਾਹੀਂ ਦਸਿਆ ਗਿਆ ਕਿ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਨ੍ਹਾਂ ਵਲੋਂ ਆਪਣੇ ਪੱਤਰ 373/ਆਰ.ਟੀ.ਆਈ. ਮਿਤੀ 14-06-2019 ਰਾਹੀਂ ਰਜਿਸਟਰਡ ਡਾਕ ਰਾਹੀਂ ਭੇਜੀ ਜਾ ਚੁੱਕੀ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਜੋ ਉੱਤਰ ਦਿੱਤਾ ਗਿਆ ਹੈ ਉਹ ਠੀਕ ਹੈ ਅਤੇ ਕਮਿਸ਼ਨ ਪੂਰੀ ਤਰ੍ਹਾਂ ਸੰਤੁਸ਼ਟ ਹੈ। ਉੱਤਰਦਾਤਾ ਵਲੋਂ ਆਰ.ਟੀ.ਆਈ.ਐਕਟ ਅਨੁਸਾਰ ਇਹ ਉੱਤਰ 30 ਦਿਨਾਂ ਦੇ ਅੰਦਰ ਅੰਦਰ ਦਿੱਤਾ ਜਾਣਾ ਚਾਹੀਦਾ ਸੀ ਪਰ ਮਹਿਕਮੇ ਵਲੋਂ ਉੱਤਰ ਲੇਟ ਦੇ ਕੇ ਆਰ.ਟੀ.ਐਕਟ ਦੀ ਉਲੰਘਣਾ ਕੀਤੀ ਗਈ ਹੈ। ਇਸ ਲਈ ਮਹਿਕਮੇ ਨੂੰ ਭਵਿਖ ਵਿਚਂ ਸਾਵਧਾਨ ਰਹਿਣ ਅਤੇ ਆਰ.ਟੀ.ਆਈ.ਐਕਟ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਤਰਨਜੀਤ ਸਿੰਘ
ਮਕਾਨ ਨੰ 33, ਆਦਰਸ਼ ਨਗਰ, ਤਰੇਹਟੀ,
ਡਾਕਖਾਨਾ ਸ਼ਾਹਪੁਰ ਕੰਡੀ, ਜ਼ਿਲ੍ਹਾ ਪਠਾਨਕੋਟ ------ਅਪੀਲਕਰਤਾ

**ਬਨਾਮ**

ਲੋਕ ਸੂਚਨਾ ਅਧਿਕਾਰੀ ਵਾ ਸੁਪਰਡੈਂਟ
ਦਫਤਰ ਜ਼ਿਲ੍ਹਾ ਕਾਰਜਕਾਰੀ ਇੰਜੀਨੀਅਰ/
ਚੌਕਸੀ ਅੰਮ੍ਰਿਤਸਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਜ਼ਿਲ੍ਹਾ ਕਾਰਜਕਾਰੀ ਇੰਜੀਨੀਅਰ/ਚੌਕਸੀ
ਅੰਮ੍ਰਿਤਸਰ। ------ਉੱਤਰਦਾਤਾ

ਅਪੀਲ ਕੇਸ ਨੰ 3107/2019

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਪਨ ਕੁਮਾਰ, ਸੀਨੀਅਰ ਸਹਾਇਕ (98724-00335)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-06-2019, **ਦਫਤਰ ਜ਼ਿਲ੍ਹਾ ਕਾਰਜਕਾਰੀ ਇੰਜੀਨੀਅਰ/ਚੌਕਸੀ ਅੰਮ੍ਰਿਤਸਰ** ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਇਸ ਦਫਤਰ ਦੇ ਪੱਤਰ ਨੰ: 989/1175-ਅ ਮਿਤੀ 23-10-2017 ਦੀ ਲਾਗਾਤਾਰਤਾ ਵਿਚ ਸ਼ਿਕਾਇਤ ਕਰਤਾ ਦਾ ਪੱਤਰ ਨੰ: 1328-29/ਜੀ.ਸੀ. ਮਿਤੀ 31-10-2017 , ਪੱਤਰ ਮਿਤੀ 18-12-2017, ਮਿਤੀ 14-05-2018 ਅਤੇ ਪੱਤਰ ਮਿਤੀ 10-01-2019 ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 26-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ. ਰਾਹੀਂ ਇਸ ਕੇਸ ਵਿਚ ਘਰੇਲੂ ਰੁਝੇਂਵਿਆਂ ਕਾਰਨ ਨਿੱਜੀ ਪੱਧਰ ਤੇ ਹਾਜ਼ਰ ਹੋਣ ਤੋਂ ਛੋਟ ਦੀ ਮੰਗ ਕੀਤੀ ਗਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਪਨ ਕੁਮਾਰ, ਸੀਨੀਅਰ ਸਹਾਇਕ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉੱਤਰ ਪਹਿਲਾਂ ਹੀ ਰਜਿਸਟਰਡ ਪੱਤਰ ਮਿਤੀ 14-06-2019 ਰਾਹੀਂ ਦਿੱਤਾ ਜਾ ਚੁੱਕਾ ਹੈ।ਜੋ ਮਿਸਲ ਤੇ ਉਪਲਬਧ ਹੈ।

4. ਅੱਜ ਪੇਸ਼ੀ ਤੇ ਹਾਜ਼ਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਪਨ ਕੁਮਾਰ, ਸੀਨੀਅਰ ਸਹਾਇਕ ਹਾਜ਼ਰ ਹੋਇਆ। ਪੇਸ਼ ਕੀਤੇ ਗਏ ਪੱਤਰ ਮਿਤੀ 14-06-2019 ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਅਰਜ਼ੀ ਮਿਤੀ 04-06-2019 ਨੂੰ ਪਾਈ ਸੀ ਜਿਸ ਦਾ ਉਤਰ ਮੱਹਿਕਮੇ ਵਲੋਂ ਮਿਤੀ 14-06-2019 ਨੂੰ ਦਿੱਤਾ ਗਿਆ। ਕਿ ਇਹ ਸ਼ਿਕਾਇਤ ਪੜਤਾਲ ਅਧੀਨ ਹੈ ਅਤੇ ਉਪਰੋਕਤ ਸ਼ਿਕਾਇਤ ਦੀ ਫਾਇਲ ਸਿੰਗਲ ਫਾਇਲ ਸਿਸਟਮ ਰਾਹੀਂ ਪ੍ਰਮੁੱਖ ਸਕੱਤਰ ਜਲ ਸਰੋਤ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਦਫਤਰ ਵਿੱਚ ਗਈ ਹੈ ਅਤੇ ਕਿਸੇ ਵੀ ਪੜਤਾਲ ਅਧੀਨ ਸ਼ਿਕਾਇਤ ਦਾ ਰਿਕਾਰਡ ਆਰ.ਟੀ.ਆਈ. ਐਕਟ ਰੂਲ 2005 ਦੇ ਪੈਰਾ 8(ਐਚ) ਦੇ ਅਧੀਨ ਮੁਹੱਈਆ ਨਹੀਂ ਕਰਵਾਇਆ ਜਾ ਸਕਦਾ । ਕਮਿਸ਼ਨ ਵਿਭਾਗ ਵਲੋਂ ਦਿੱਤੇ ਗਏ ਉੱਤਰ ਨਾਲ ਸੰਤੁਸ਼ਟ ਹੈ। ਇਸ ਲਈ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗੁਰਦੀਪ ਸਿੰਘ ਕਾਹਲੋਂ 9779508115
ਮਕਾਨ ਨੰ 947, ਐੱਚ.ਆਈ.ਜੀ,
ਜਮਾਲਪੁਰ ਕਾਲੋਨੀ, ਲੁਧਿਆਣਾ --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਐੱਸ.ਐੱਸ.ਪੀ ਵਿਜੀਲੈਂਸ ਬਿਊਰੋ
ਲੁਧਿਆਣਾ। ------ਉੱਤਰਦਾਤਾ

ਸ਼ਿਕਾਇਤ ਨੰ: 760/2019

ਹਾਜ਼ਰ:-

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਲਸ਼ੇਰ ਸਿੰਘ, ਏ.ਐਸ.ਆਈ. (9472400335)

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 24-08-2019, **ਐੱਸ.ਐੱਸ.ਪੀ ਵਿਜੀਲੈਂਸ ਬਿਊਰੋ ਲੁਧਿਆਣਾ** ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸੂਚਨਾ ਅਧਿਕਾਰ ਐਕਟ ਦੀ ਧਾਰਾ 7(1) ਲਾਇਫ ਐਂਡ ਲਿਬਰਟੀ ਅਧੀਨ 48 ਘੰਟੇ ਦੇ ਅੰਦਰ ਅੰਦਰ ਸੂਚਨਾ ਦੇਣ ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ ਮਿਤੀ 30-08-2019 ਨੂੰ ਕਮਿਸ਼ਨ ਕੋਲ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 13-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਸ਼ਿਕਾਇਤਕਰਤਾ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਬੇਨਤੀ ਕੀਤੀ ਗਈ ਕਿ ਹਲਕਾ ਦਾਖਾ ਤੋਂ ਆਜ਼ਾਦ ਉਮੀਦਵਾਰ ਵੱਜੋਂ ਚੋਣ ਲੱੜ ਰਿਹਾ ਹੈ ਅਤੇ ਆਪਣੀ ਕੰਪੈਨਿੰਗ ਵਿਚ ਬਿਜੀ ਹੈ, ਕੇਸ ਬੰਦ ਨਾ ਕੀਤਾ ਜਾਵੇ ਅਗਲੀ ਤਾਰੀਖ ਦਿੱਤੀ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਗੁਲਸ਼ੇਰ ਸਿੰਘ, ਏ.ਐਸ.ਆਈ. ਵਲੋਂ ਪੱਤਰ ਨੰ: 4731/ਵਸ/ਏ.ਸੀ.-3, ਮਿਤੀ 19-09-2019 ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਉਨ੍ਹਾਂ ਵਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ।

4. ਅੱਜ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਰਾਹੀਂ ਕੇਸ ਬੰਦ ਨਾ ਕਰਨ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ ਵਲੋਂ ਹਾਜਰ ਸ੍ਰੀ ਗੁਲਸ਼ੇਰ ਸਿੰਘ, ਏ.ਐਸ.ਆਈ. ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 19-09-2019 ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਨੂੰ ਘੋਖਣ ਤੇ ਪਾਇਆ ਗਿਆ ਕਿ ਸ਼ਿਕਾਇਤਕਰਤਾ ਨੂੰ ਸੂਚਨਾ ਦੇ ਦਿੱਤੀ ਗਈ ਹੈ। ਉੱਤਰ ਵਿਚ ਦਸਿਆ ਗਿਆ ਹੈ ਕਿ ਸ਼ਿਕਾਇਤਕਰਤਾ ਵਲੋਂ ਮਿਤੀ 29-08-2019 ਨੂੰ ਪ੍ਰਾਪਤ ਅਰਜ਼ੀ ਰਾਹੀਂ ਵਕੀਲ ਅਸ਼ਵਨੀ ਬੇਦੀ ਅਤੇ ਲਖਵੀਰ ਸਿੰਘ ਏ.ਸੀ.ਪੀ. ਸਬੰਧੀ ਕੀਤੀ ਗਈ ਸ਼ਿਕਾਇਤ ਦੀ ਇੰਨਕੁਆਰੀ ਰਿਪੋਰਟ ਅਤੇ ਦਸਤਾਵੇਜ਼ਾਂ ਦੀ ਮੰਗ ਕੀਤੀ ਸੀ ਜਿਸ ਨਾਲ ਪਹਿਚਾਣ ਪੱਤਰ ਨੱਥੀ ਨਹੀਂ ਸੀ , ਸ਼ਿਕਾਇਤਕਰਤਾ ਨੂੰ ਉਸੇ ਦਿਨ ਮਿਤੀ 29-08-2019 ਨੂੰ ਰਜਿਸਟਰਡ ਡਾਕ ਰਾਹੀਂ ਪਹਿਚਾਣ ਪੱਤਰ ਮੰਗਿਆ ਗਿਆ ਅਤੇ ਮੋਬਾਇਲ ਤੇ ਵੀ ਨੋਟ ਕਰਵਾਇਆ ਗਿਆ। ਪਹਿਚਾਣ ਪੱਤਰ ਮਿਤੀ 04-09-2019 ਨੂੰ ਹਾਸਲ ਹੋਣ ਉਪਰੰਤ ਮੰਗੀ ਗਈ ਸੂਚਨਾ ਪੱਤਰ ਮਿਤੀ 11-09-2019 ਰਾਹੀਂ ਦੇ ਦਿੱਤੀ ਗਈ ਹੈ ਕਿ ਇਹ ਕੇਸ ਲਾਇਫ ਐਂਡ ਲਿਬਰਟੀ ਅੰਦਰ ਨਹੀਂ ਆਉਂਦਾ, ਸ਼ਿਕਾਇਤ ਵਿਚਾਰ ਅਧੀਨ ਹੈ ਅਤੇ ਉਸ ਵਲੋਂ ਮੰਗੀ ਜਾ ਰਹੀ ਸੂਚਨਾ ਸਬੰਧੀ ਸ਼ਿਕਾਇਤ ਪੜਤਾਲ ਅਧੀਨ ਹੋਣ ਕਰਕੇ ਸੂਚਨਾ ਐਕਟ ਦੀ ਧਾਰਾ 8(1) (ਐਚ) ਅਧੀਨ ਹੋਣ ਕਾਰਨ ਇੰਨਕਾਰ ਕੀਤਾ ਗਿਆ ਹੈ। ਅਪੀਲਕਰਤਾ ਵਲੋਂ ਲਿਖਿਆ ਗਿਆ ਹੈ ਕਿ ਮਾਮਲਾ ਲਾਇਫ ਐਂਡ ਲਿਬਰਟੀ ਦਾ ਹੈ ਇਸ ਲਈ ਕੇਸ ਬੰਦ ਨਾ ਕੀਤਾ ਜਾਵੇ। ਇਸ ਕੇਸ ਵਿਚ ਉੱਤਰਦਾਤਾ ਵਲੋਂ ਸੂਚਨਾ ਸਮੇ ਦੇ ਅੰਦਰ ਅੰਦਰ ਦੇ ਦਿੱਤੀ ਗਈ ਹੈ ਇਸ ਤਰ੍ਹਾਂ ਇਹ ਕੇਸ ਕਿਸੇ ਵੀ ਤਰ੍ਹਾਂ ਸ਼ਿਕਾਇਤ ਕੇਸ ਨਹੀਂ ਬਣਦਾ। ਇਸ ਲਈ ਇਸ ਸ਼ਿਕਾਇਤ ਤੇ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਵੇਕ ਮਾਰਕੰਡਾ,
ਮਕਾਨ ਨੰ:12, ਟੀਚਰ ਕਲੌਨੀ,
ਨਵਾਂ ਸ਼ਹਿਰ।  -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਆਫ ਕੰਪਨੀਜ਼, ਪੰਜਾਬ,
ਚੰਡੀਗੜ੍ਹ।  -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 405/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਮਜੀਤ, ਜੇ.ਟੀ. (98712-59640)।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 19-01-2019 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਆਫ ਕੰਪਨੀਜ਼, ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸੂਗਰ ਮਿੱਲ ਨਵਾਂ ਸ਼ਹਿਰ ਵਿੱਚ ਸਥਿਤ ਕੋ-ਜਨਰੇਸ਼ਨ ਪਾਵਰ ਪਲਾਂਟ, ਲਿਮਟਿਡ (ਰਜਿਸਟਰੇਸ਼ਨ ਨੰ:31581) ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 30-04-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 26-06-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 30-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।ਇਸ ਉਪਰੰਤ ਪੇਸ਼ੀ ਮਿਤੀ 26-08-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਪਰਮਜੀਤ, ਜੇ.ਟੀ. ਨੇ ਕਿਹਾ ਸੀ ਕਿ ਉਨ੍ਹਾਂ ਨੂੰ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਪ੍ਰਾਪਤ ਨਹੀਂ ਹੋਈ ਸੀ ਅਤੇ ਨਾ ਹੀ ਕਮਿਸ਼ਨ ਦਾ ਨੋਟਿਸ ਪ੍ਰਾਪਤ ਹੋਇਆ ਸੀ ਅਤੇ ਉਨ੍ਹਾਂ ਵੱਲੋਂ ਕਮਿਸ਼ਨ ਕੋਲੋਂ ਦਸਤੀ ਨੋਟਿਸ ਅਤੇ ਆਰ.ਟੀ.ਆਈ. ਦੀ ਕਾਪੀ ਪ੍ਰਾਪਤ ਕਰਨ ਉਪਰੰਤ ਆਪਣੇ ਪੱਤਰ ਨੰ:Roc/CHD.RTI/1476, ਮਿਤੀ 22-08-2019 ਰਾਹੀਂ ਸ਼ਿਕਾਇਤਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 16-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਅੱਜ ਫਿਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਪਰਮਜੀਤ, ਜੇ.ਟੀ. ਨੇ ਆਪਣੇ ਲਿਖਤੀ ਬਿਆਨ, ਮਿਤੀ 16-09-2019 ਰਾਹੀਂ ਕਿਹਾ ਸੀ ਕਿ ਉਨ੍ਹਾਂ ਨੂੰ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਪ੍ਰਾਪਤ ਨਹੀਂ ਹੋਈ ਸੀ ਅਤੇ ਕਮਿਸ਼ਨ ਦੇ ਨੋਟਿਸ ਪ੍ਰਾਪਤ ਹੋਣ ਤੋਂ ਬਾਅਦ ਇਸ ਕੇਸ ਬਾਰੇ ਪਤਾ ਚੱਲਿਆ ਸੀ ਅਤੇ ਉਨ੍ਹਾਂ ਵੱਲੋਂ ਕਮਿਸ਼ਨ ਕੋਲੋਂ ਦਸਤੀ ਆਰ.ਟੀ.ਆਈ. ਅਰਜ਼ੀ ਦੀ ਕਾਪੀ ਪ੍ਰਾਪਤ ਕਰਨ ਉਪਰੰਤ ਸਮੇਂ ਸਿਰ ਉਸ ਦਾ ਜਵਾਬ ਭੇਜ ਦਿੱਤਾ ਗਿਆ ਸੀ ਪਰੰਤੂ ਸ਼ਿਕਾਇਤਕਰਤਾ ਕੋਲੋਂ ਇਸ ਸਬੰਧੀ ਕੋਈ ਵੀ ਇਤਰਾਜ਼ ਪ੍ਰਾਪਤ ਨਹੀਂ ਹੋਇਆ। ਇਸ ਲਈ ਹਾਜ਼ਰ ਉੱਤਰਦਾਤਾ ਨੇ ਇਸ ਕੇਸ ਨੂੰ ਬੰਦ ਕਰਨ ਲਈ ਬੇਨਤੀ ਕੀਤੀ ਗਈ ਹੈ। ਹਾਜ਼ਰ ਉੱਤਰਦਾਤਾ ਦਾ ਲਿਖਤੀ ਬਿਆਨ, ਮਿਤੀ 16-09-2019 ਮਿਸਲ ਤੇ ਰੱਖ ਲਿਆ ਗਿਆ ਸੀ। ਪਰ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਆਪਣੇ ਪੱਤਰ ਮਿਤੀ 21-08-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਲੋਕ ਸੂਚਨਾ ਅਧਿਕਾਰੀ ਵੱਲੋਂ ਪੱਤਰ ਨੰ:1476, ਮਿਤੀ 22-08-2019 ਰਾਹੀਂ ਮੰਗੀ ਗਈ ਸੂਚਨਾ ਦੇਣ ਦੀ ਬਜਾਏ ਗੁੰਮਰਾਹ ਕੀਤਾ ਗਿਆ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਲੋਕ ਸੂਚਨਾ ਅਧਿਕਾਰੀ ਵਿਰੁੱਧ ਕਾਰਵਾਈ ਕਰਕੇ 25,000/-ਰੁਪਏ ਦੀ ਪਨੈਲਟੀ ਪਾਉਣ ਅਤੇ ਮਆਵਜ਼ੇ ਲਈ ਬੇਨਤੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸ਼ਿਕਾਇਤਕਰਤਾ ਵੱਲੋਂ ਇਸ ਕੇਸ ਦੀ ਸੁਣਵਾਈ ਵੀਡਿਓ ਕਾਰਨਫਰੰਸ ਰਾਹੀਂ ਕਰਨ ਲਈ ਵੀ ਬੇਨਤੀ ਕੀਤੀ ਗਈ ਹੈ। ਸ਼ਿਕਾਇਤਕਰਤਾ ਵੱਲੋਂ ਕੇਵਲ ਇਹ ਕਿਹਾ ਗਿਆ ਹੈ ਕਿ ਲੋਕ ਸੂਚਨਾ ਅਧਿਕਾਰੀ ਵੱਲੋਂ ਉਸ ਨੂੰ ਮੰਗੀ ਗਈ ਸੂਚਨਾ ਦੇਣ ਦੀ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



<u>ਸ਼ਿਕਾਇਤ ਕੇਸ ਨੰ: 405/2019</u>

ਬਜਾਏ ਗੁੰਮਰਾਹ ਕੀਤਾ ਗਿਆ ਹੈ ਪਰੰਤੂ ਉਸ ਵੱਲੋਂ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਸੂਚਨਾ ਵਿੱਚ ਕਿਹੜੀਆਂ-ਕਿਹੜੀਆਂ ਤਰੁੱਟੀਆਂ ਹਨ, ਜੋ ਕਿ ਵਾਜਿਬ ਨਹੀਂ ਹੈ। ਇਸ ਤਰ੍ਹਾਂ ਇਹ ਮਾਮਲਾ ਵੀਡਿਓ ਕਾਨਫਰੰਸ ਰਾਹੀਂ ਸੁਲਝਣ ਵਾਲਾ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਨੂੰ ਖ਼ੁੱਦ ਜਾਂ ਆਪਣੇ ਕਿਸੇ ਅਧਿਕਾਰਿਤ ਨੁਮਾਇੰਦੇ ਰਾਹੀਂ ਕਮਿਸ਼ਨ ਵਿਖੇ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਅਜ ਵੀ ਪੇਸ਼ੀ ਤੇ ਹਾਜਰ ਨਹੀਂ ਹੋਇਆ ਅਤੇ ਆਪਣੇ ਪੱਤਰ ਮਿਤੀ 07-10-2019 ਰਾਹੀਂ ਮੁੜ ਵੀਡੀਓ ਕਾਨਫਰੰਸ ਦੇ ਨਾਲ ਨਾਲ ਇਹ ਵੀ ਕਿਹਾ ਗਿਆ ਕਿ ਲੋਕ ਸੂਚਨਾ ਅਧਿਕਾਰੀ ਸੂਚਨਾ ਦੇਣ ਤੋਂ ਇੰਨਕਾਰ ਕਰਦਾ ਹੈ ਤਾਂ ਸੈਕਸ਼ਨ 18 ਅਨੁਸਾਰ ਕਮਿਸ਼ਨ ਪਾਸ ਕੋਈ ਅਧਿਕਾਰੀ ਨਹੀਂ ਕਿ ਉਹ ਤਰੁੱਟੀਆਂ ਨੂੰ ਦੂਰ ਕਰ ਸਕੇ ਜਿਸ ਸਬਧੀ ਮਾਣਯੋਗ ਹਾਈ ਕੋਰਟ ਦੇ ਫੈਸਲੇ ਦੀ ਕਾਪੀ ਲਾਈ ਗਈ ਹੈ। ਇਸ ਦੇ ਨਾਲ ਹੀ ਲਿਖਿਆ ਗਿਆ ਹੈ ਕਿ ਉਤਰਦਾਤਾ 26-09-2019 ਨੂੰ ਬਿਆਨ ਦਿੰਦਾ ਹੈ ਕਿ ਉਸ ਪਾਸ ਆਰ.ਟੀ.ਆਈ. ਦੀ ਅਰਜੀ ਜਾਂ ਨੋਟਿਸ ਪ੍ਰਾਪਤ ਨਹੀ ਹੋਇਆ ਜ਼ੋ ਉਸਨੇ ਦਸਤੀ ਪ੍ਰਾਪਤ ਕੀਤਾ ਅਤੇ ਮਿਤੀ 22-08-2019 ਨੂੰ ਉੱਤਰ ਦਿੱਤਾ। ਸ਼ਿਕਾਇਤਕਰਤਾ ਨੂੰ ਅੱਜੇ ਤੱਕ ਉੱਤਰ ਨਹੀਂ ਦਿੱਤਾ ਗਿਆ ਅਤੇ ਕੋਈ ਬਿਆਨ ਨਹੀਂ ਲਿਆ ਗਿਆ ਕੇਸ ਬੰਦ ਕਰਨ ਲਈ ਕਿਹਾ ਗਿਆ ਹੈ। ਪੈਰਾ 4 ਵਿਚ ਉਸ ਵਲੋਂ ਆਪਣਾ ਇਤਰਾਜ ਦਰਜ਼ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਆਰ.ਟੀ.ਆਈ. ਦੀਆਂ ਧਾਰਾਵਾਂ ਅਤੇ ਅਦਾਲਤਾਂ ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਮਿਸ਼ਨ ਨੂੰ ਸੁਝਾਅ ਦਿੱਤਾ ਜਾ ਰਿਹਾ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਮਜੀਤ, ਜੇ.ਟੀ.ਅੱਜ ਪੇਸ਼ ਹੋਇਆ, ਉਸ ਵਲੋਂ ਦਸਿਆ ਗਿਆ ਕਿ 2006 ਤੋਂ ਸਾਰਾ ਰਿਕਾਰਡ ਓਨ ਲਾਇਨ ਉਪਲਬਧ ਹੈ, ਸਾਇਟ ਦਾ ਐਡਰੈਸ ਦੇ ਦਿੱਤਾ ਗਿਆ ਹੈ, ਕੋਈ ਵੀ ਰਿਕਾਰਡ ਵੇਖ ਸਕਦਾ ਹੈ ਜ਼ੇ ਕਿਸੇ ਨੂੰ ਰਿਕਾਰਡ ਦੀ ਕਾਪੀ ਚਾਹੀਦੀ ਹੋਵੇ ਤਾਂ ਰੁ:25/- ਫੀਸ ਦੇ ਕੇ ਪ੍ਰਤੀ ਪੇਜ਼ ਲੈ ਸਕਦਾ ਹੈ।

4. ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿੱਤੀਆਂ ਗਈਆਂ ਦਲੀਲਾਂ ਨੂੰ ਮੁੱਖ ਰਖਦੇ ਹੋਏ ਜਿਵੇਂ ਸ਼ਿਕਾਇਤਕਰਤਾ ਵਲੋਂ ਇਕ ਪਾਸੇ ਦਸਿਆ ਜਾ ਰਿਹਾ ਹੈ ਕਿ ਸੂਚਨਾ ਪ੍ਰਾਪਤ ਨਹੀਂ ਹੋਈ ਦੂਜੇ ਪਾਸੇ ਪੈਰਾ 4 ਵਿਚ ਕਿਹਾ ਜਾ ਰਿਹਾ ਹੈ ਕਿ ਪੀ.ਆਈ.ਓ. ਵਲੋਂ ਦਿੱਤੀ ਗਈ ਸੂਚਨਾ ਉਲਝਣ ਵਾਲੀ ਦਿੱਤੀ ਗਈ ਹੈ।ਉੱਤਰਦਾਤਾ ਵਲੋਂ ਦਸਣ ਅਨੁਸਾਰ 2006 ਤੋਂ ਸਾਰਾ ਰਿਕਾਰਡ ਓਨ ਲਾਇਨ ਉਪਲਬਧ ਹੈ, ਸਾਇਟ ਦਾ ਐਡਰੈਸ ਦੇ ਦਿੱਤਾ ਗਿਆ ਹੈ, ਕੋਈ ਵੀ ਰਿਕਾਰਡ ਵੇਖ ਸਕਦਾ ਹੈ ਜ਼ੇ ਕਿਸੇ ਨੂੰ ਰਿਕਾਰਡ ਦੀ ਕਾਪੀ ਚਾਹੀਦੀ ਹੋਵੇ ਤਾਂ ਰੁ:25/- ਫੀਸ ਦੇ ਕੇ ਪ੍ਰਤੀ ਪੇਜ਼ ਲੈ ਸਕਦਾ ਹੈ। ਇਸ ਕੇਸ ਵਿਚ ਪਿਛਲੀ ਮਿਤੀ ਨੂੰ ਉੱਤਰ ਦੇ ਦਿੱਤਾ ਗਿਆ ਸੀ ਅਤੇ ਕੇਸ ਨੂੰ ਬੰਦ ਕਰਨ ਲਈ ਬੇਨਤੀ ਕੀਤੀ ਗਈ ਸੀ ਪਰ ਸ਼ਿਕਾਇਤਕਰਤਾ ਵਲੋਂ ਇਸ ਕੇਸ ਵਿਚ ਸਿਵਾਏ ਪੈਰਾ 4 ਵਿਚ ਦਸੀ ਤਰੁੱਟੀ ਦੇ ਹੋਰ ਕੋਈ ਤਰੁੱਟੀ ਨਹੀਂ ਦਸੀ ਗਈ। ਇਸ ਲਈ ਇਸ ਕੇਸ ਵਿਚ ਸ਼ਿਕਾਇਤਕਰਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਕੇਸ ਆਹਮਣੇ-ਸਾਹਮਣੇ ਹੋ ਕੇ ਸੁਲਝਣ ਵਾਲਾ ਹੈ ਨਾਂ ਕਿ ਵੀਡੀਓ ਕਾਂਨਫਰੰਸ ਰਾਹੀਂ। ਇਸ ਲਈ ਉਸਦੀ ਵੀਡੀਓ ਕਾਂਨਫਰਸ ਸਬੰਧੀ ਬੇਨਤੀ ਨੂੰ ਰੱਦ ਕਰਦੇ ਹੋਏ ਸ਼ਿਕਾਇਤਕਰਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅਗਲੀ ਪੇਸ਼ੀ ਤੇ ਹਾਜ਼ਰ ਹੋਣਾ ਯਕੀਨੀ ਬਣਾਏ। ਇਸ ਹਦਾਇਤ ਨਾਲ ਇਹ ਕੇਸ **<u>ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ</u>** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 15 ਅਕਤੂਬਰ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗੁਰਮੀਤ ਸਿੰਘ 9876269776
ਵਾਸੀ ਪਿੰਡ ਕਿਕਰ ਖੇੜਾ ਤਹਿਸੀਲ ਅਬੋਹਰ
ਜ਼ਿਲਾ ਫਾਜਿਲਕਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫਤਰ ਕਾਰਜਕਾਰੀ ਇੰਜੀਨਿਅਰ ਵਿਜੀਲੈਂਸ ਬਿਉਰੋ ,
ਟੈਕਨੀਕਲ ਟੀਮ 2 ਪੰਜਾਬ,ਚੰਡੀਗੜ।

ਪਹਿਲੀ ਅਪੀਲੀ ਅਥਾਰਟੀ ਕਮ
ਡਾਇਰੈਕਟਰ ਵਿਜੀਲੈਂਸ ਬਿਉਰੋ,ਪੰਜਾਬ, ਚੰਡੀਗੜ। ---------ਉੱਤਰਦਾਤਾ

<u>ਅਪੀਲ ਕੇਸ ਨੰ: 3291/2019</u>

ਹਾਜ਼ਰ:-

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜ਼ੇਸ਼ ਕੁਮਾਰ, ਐਸ.ਆਈ.

<u>ਹੁੱਕਮ:</u>

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 21-05-2019, ਦਫਤਰ ਕਾਰਜਕਾਰੀ ਇੰਜੀਨਿਅਰ ਵਿਜੀਲੈਂਸ ਬਿਉਰੋ ,ਟੈਕਨੀਕਲ ਟੀਮ 2 ਪੰਜਾਬ,ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ ਪੰਜਾਬ ਚੰਡੀਗੜ੍ਹ ਦੇ ਪੱਤਰ ਪਿੱਠ ਅੰਕਣ ਨੰ: 23081 /ਵਬ/ਐਸ-।। ਮਿਤੀ 01-06-2015 ਦੇ ਭੇਜੇ ਰਿਕਾਰਡ ਸਬੰਧੀ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 05-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਅੱਜ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 27-09-2019 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਇਹ ਕੇਸ ਮਿਤੀ 18-10-2019 ਨੂੰ ਲਾਇਆ ਜਾਵੇ ਕਿਉਂਜ਼ੋ ਮਿਤੀ 18-10-2019 ਨੂੰ ਮਾਨਯੋਗ ਅਸਿੱਤ ਜ਼ੌਲੀ, ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿਚ ਉਸਦਾ ਕੇਸ ਲਗਾ ਹੈ। ਅਪੀਲਕਰਤਾ ਕੋਰਟ ਖਤਮ ਹੋਣ ਉਪਰੰਤ ਹਾਜ਼ਰ ਹੋਇਆ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਜ਼ੇਸ਼ ਕੁਮਾਰ, ਐਸ.ਆਈ. ਪੇਸ਼ੀ ਤੇ ਹਾਜ਼ਰ ਹੋਏ । ਉਸ ਵਲੋਂ ਲੋਕ ਸੂਚਨਾ ਅਧਿਕਾਰੀ ਦੇ ਪੱਤਰ ਨੰ: 46613 /ਵਬ/ਐਸ-14, ਮਿਤੀ 11-10-2019 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ।ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਦਾ ਇਕ ਉਤਾਰਾਂ ਅਪੀਲਕਰਤਾ ਨੂੰ ਵੀ ਕੀਤਾ ਗਿਆ ਹੈ, ਪਰ ਉਹ ਹਾਜ਼ਰ ਨਹੀਂ ਸੀ ਅਤੇ ਕੋਰਟ ਖਤਮ ਹੋਣ ਉਪਰੰਤ ਹਾਜ਼ਰ ਹੋਗਿਆ ਸੀ। ਇਸ ਲਈ ਕਮਿਸ਼ਨ ਦੀ ਪ੍ਰਵਾਨਗੀ ਉਪਰੰਤ ਉਤਰਦਾਤਾ ਦੇ ਨੁਮਾਇੰਦੇ ਵਲੋਂ ਅਪੀਲਕਰਤਾ ਨੂੰ ਉਕਤ ਉੱਤਰ ਦੀ ਕਾਪੀ ਦੱਸਤੀ ਦੇ ਦਿੱਤੀ ਗਈ ਹੈ । ਇਸ ਲਈ ਅਿਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਤਰਦਾਤਾ ਵਲੋਂ ਦਿੱਤੇ ਗਏ ਉੱਤਰ ਤੇ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਦੀਆਂ ਹਨ ਤਾਂ 10 ਦਿਨਾਂ ਦੇ ਅੰਦਰ ਅੰਦਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਉੱਤਰਦਾਤਾ ਇਸ ਦੀ ਪੂਰਤੀ ਤੁਰੰਤ ਕਰੇ। ਇਸ ਦੇ ਨਾਲ ਹੀ ਦੋਨਾਂ ਧਿਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ <u>**ਅਗਲੀ ਸੁਣਵਾਈ ਲਈ ਮਿਤੀ 05/11/2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ**</u> ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਲਵਿੰਦਰ ਸਿੰਘ 9888488048
166/3 ਐੱਸ.ਬੀ.ਪੀ. EXT/3 ਹੋਮਜ ਛੱਜੂ ਮਾਰਗ,
ਸੈਕਟਰ 126 ਖਰੜ ਜਿਲਾ ਮੁਹਾਲੀ। ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡੀਨ ਕਾਲਿਜ ਵਿਕਾਸ ਕਾਉਂਸਿਲ ਪੰਜਾਬੀ ਯੂਨੀਵਰਸਿਟੀ,
ਪਟਿਆਲਾ।

-----ਉੱਤਰਦਾਤਾ

ਸ਼ਿਕਾਇਤ ਕੇਸ ਨੰ: 796 /2019

ਹਾਜ਼ਰ:-

1) ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸੂਰਜ਼ਪ੍ਰੀਤ ਸਿੰਘ ਕੰਗ, ਵਕੀਲ (98554-93346)

ਹੁੱਕਮ:

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-07-2019, ਦਫਤਰ ਲੋਕ ਸੂਚਨਾ ਅਧਿਕਾਰੀ,ਦਫਤਰ ਡੀਨ ਕਾਲਿਜ ਵਿਕਾਸ ਕਾਉਂਸਿਲ ਪੰਜਾਬੀ ਯੂਨੀਵਰਸਿਟੀ,ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਹੀਨਾ ਅਗਸਤ, 1979 ਤੋ ਮਾਰਚ, 2012 ਤੱਕ ਐਸ.ਕੇ.ਆਰ.ਕਾਲਜ਼ ਆਫ ਫਿਜੀਕਲ ਐਜੂਕੇਸ਼ਨ, ਭਾਗੋਮਾਜ਼ਰਾ (ਖਰੜ) ਵਿਚ ਕੰਮ ਕੀਤਾ ਸੀ ਸਬੰਧੀ ਮੈਨੇਜ਼ਮੈਟ ਕਮੇਟੀ ਅਤੇ ਕਰਮਚਾਰੀ ਵਿਚ ਹੋਏ ਐਗਰੀਮੈਂਟ ਦੀ ਕਾਪੀ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 03-09-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਹਾਜ਼ਰ ਹੋਇਆ ਉਸ ਵਲੋਂ ਅੱਜ ਪੇਸ਼ੀ ਸਮੇਂ ਪੱਤਰ ਮਿਤੀ 15-10-2019 ਰਾਹੀਂ ਦਸਿਆ ਗਿਆ ਕਿ ਉੱਤਰਦਾਤਾ ਵਲੋਂ ਉਸਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਕੇਸ ਡਿਸਪੋਜ਼ ਆਫ ਕਰ ਦਿੱਤਾ ਜਾਵੇ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਦਸਿਆ ਗਿਆ ਕਿ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਕੇਸ ਦਾਖਲ ਦਫਤਰ ਕੀਤਾ ਜਾਵੇ।

4. ਸ਼ਿਕਾਇਤ ਕਰਤਾ ਵਲੋਂ ਅੱਜ ਪੇਸ਼ੀ ਸਮੇ ਮਿਤੀ 15-10-2019 ਦੇ ਪੱਤਰ ਰਾਹੀਂ ਲਿਖਤੀ ਰੂਪ ਵਿਚ ਦਿੱਤਾ ਗਿਆ ਹੈ ਕਿ ਉਸ ਵਲੋਂ ਮੰਗੀ ਗਈ ਸੂਚਨਾ ਉੱਤਰਦਾਤਾ ਵਲੋਂ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਲਈ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀ਼। ਇਹ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 15 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।